# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/87083
ਮਿਤੀ,ਚੰਡੀਗੜ੍ਹ 29-09-2011

ਵਿਸ਼ਾ :- **Disaster Reduction Day** ਤੇ ਵਿਦਿਆਰਥੀਆਂ ਦਾ ਪੇਟਿੰਗ, ਪੋਸਟਰ ਅਤੇ ਸਲੋਗਨ ਲਿਖਣ (**Slogan Writing**) ਦਾ ਮੁਕਾਬਲਾ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 **National Institute of Disaster Management, Ministry of Home Affairs, Government of India** ਵੱਲੋਂ ਮਿਤੀ 12 ਅਕਤੂਬਰ, 2011 ਨੂੰ **"Disaster Reducation Day"** ਮਨਾਇਆ ਜਾ ਰਿਹਾ ਹੈ। ਜਿਸ ਦਾ ਮੁੱਖ ਮੰਤਵ ਅੱਜ ਦੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਕੁਦਰਤੀ ਅਤੇ ਬਣਾਵਟੀ ਆਫਤਾਂ ਦੇ ਗੰਭੀਰ ਸੰਕਟ ਪ੍ਰਤੀ ਸੁਚੇਤ ਕਰਨਾ ਅਤੇ ਮੁਕਾਬਲੇ ਲਈ ਤਿਆਰ ਕਰਨਾ ਹੈ। ਇਸ ਮੁਕਾਬਲੇ ਵਿੱਚ ਪੰਜਾਬ ਦੇ ਸਾਰੇ ਸਕੂਲਾਂ ਸਰਕਾਰੀ/ਏਡਿਡ ਜਾਂ ਕਿਸੇ ਵੀ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਦੇ 13 ਤੋਂ 17 ਸਾਲ ਤੱਕ ਦੇ ਵਿਦਿਆਰਥੀ ਹਿੱਸਾ ਲੈ ਸਕਦੇ ਹਨ।

2.1 ਇਸ ਪੇਟਿੰਗ, ਪੋਸਟਰ ਅਤੇ ਸਲੋਗਨ (**Slogan writing**) (ਹਿੰਦੀ ਅਤੇ ਅੰਗਰੇਜ਼ੀ) ਮੁਕਾਬਲੇ ਵਿੱਚ ਹਿੱਸਾ ਲੈਣ ਲਈ ਉਕਤ ਉਮਰ ਦੇ ਵਿਦਿਆਰਥੀਆ ਲਈ ਪਹਿਲਾਂ ਸਕੂਲ ਪੱਧਰ ਤੇ ਸਕੂਲ ਮੁੱਖੀ ਦੀ ਅਗਵਾਈ ਵਿੱਚ ਆਪਣੇ ਸਕੂਲ ਵਿੱਚ ਹੀ ਮਿਤੀ 04-10-11 ਨੂੰ ਸਵੇਰ ਦੀ ਸਭਾ ਤੋਂ ਤੁਰੰਤ ਬਾਅਦ ਜਾਂ ਕੋਈ ਢੁੱਕਵਾਂ ਸਮਾਂ (ਜਿਵੇਂ ਪੇਪਰ ਤੋਂ ਬਾਅਦ) ਵਿੱਚ ਮੁਕਾਬਲਾ ਕਰਵਾਇਆ ਜਾਵੇ। ਇਸ ਲਈ ਆਰਟ ਐਂਡ ਕਰਾਫਟ ਅਧਿਆਪਕਾਂ ਨੂੰ ਪੂਰੀ ਤਰ੍ਹਾਂ ਇੰਚਾਰਜ ਬਣਾਇਆ ਜਾਵੇ।

2.2 ਉਕਤ ਤਿੰਨੇ ਮੁਕਾਬਲਿਆਂ ਦੀ ਥੀਮ **"Safety From Disaster"** ਹੈ। ਵਿਦਿਆਰਥੀ ਆਪਣੇ ਪੱਧਰ ਤੇ **15"×20"** ਸਾਈਜ਼ ਦੀ ਡਰਾਇੰਗ ਸ਼ੀਟ ਲਿਆਕੇ ਪੈਨਸਿਲ, ਵੈਕਸ ਕਲਰ (**crayons**), ਵਾਟਰ ਕਲਰ, ਦੀ ਵਰਤੋਂ ਕਰ ਸਕਦੇ ਹਨ।

2.3 ਹਰ ਸਕੂਲ ਮੁੱਖੀ ਲਈ ਆਪਣੇ ਸਕੂਲ ਦੇ ਹਰ ਈਵੈਂਟ ਲਈ ਚੁਣੇ ਗਏ ਤਿੰਨ ਉਤਮ ਵਿਦਿਆਰਥੀਆਂ ਦੀ **Nomination** ਦੀ ਸੂਚੀ (ਸਮੇਤ ਵਿਦਿਆਰਥੀ ਦੇ ਚੁਣੀ ਗਈ ਪੇਟਿੰਗ, ਪੋਸਟਰ ਅਤੇ ਸਲੋਗਨ ) ਨੂੰ ਹੇਠ ਲਿਖੇ ਪਤੇ ਤੇ ਹਰ ਹਾਲਤ ਵਿੱਚ ਮਿਤੀ 05-10-2011 ਤੱਕ ਭੇਜੀਆ ਜਾਵੇ। (ਪ੍ਰੋਫਾਰਮਾ ਨਾਲ ਨੱਥੀ ਹੈ)।

**Dr. K.J. Anandha Kumar**
**Programme Coordinator**
**National Institute of Disaster Management**
**IIPA Campus, IP Esate, Ring Road**
**New Delhi-110002**

ਇਸ ਤੋਂ ਇਲਾਵਾ **nomination** ਦੀ ਸਿਰਫ ਸੂਚੀ ਦੀ ਕਾਪੀ **(S.S.Gill, IAS (Retd.) Sr.consultant MGSIPA, Industrial Area, Sector 26, Chandigarh** ਨੂੰ ਭੇਜੀ ਜਾਵੇ।

3.0 ਚੁਣੀਆਂ ਗਈਆਂ ਤਿੰਨ ਪੇਟਿੰਗਾਂ, ਤਿੰਨ ਪੋਸਟਰਾਂ ਅਤੇ ਤਿੰਨ ਸਲੋਗਨਾਂ ਦੇ ਪਿਛਲੇ ਪਾਸੇ ਵਿਦਿਆਰਥੀ ਦਾ ਨਾਂ, ਪਿਤਾ/ਮਾਤਾ ਦਾ ਨਾਂ, ਜਮਾਤ, ਉਮਰ, ਸਕੂਲ ਦਾ ਨਾਂ, ਸਕੂਲ ਦਾ ਲੋਕੇਸ਼ਨ, ਪੇਂਡੂ ਜਾਂ ਸ਼ਹਿਰੀ, ਸਕੂਲ ਦਾ ਟੈਲੀਫੋਨ ਨੰ: ਜਾਂ ਸਕੂਲ ਮੁੱਖੀ ਦਾ ਮੋਬਾਇਲ ਨੰ: ਅਤੇ ਪ੍ਰਿੰਸੀਪਲ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ।

4.0 ਸਭ ਸਕੂਲਾਂ ਤੋਂ ਪ੍ਰਾਪਤ ਵਧੀਆ ਪੇਟਿੰਗਜ਼, ਪੋਸਟਰਜ਼ ਅਤੇ ਸਲੋਗਨਜ਼ ਦੀ ਅਤਿੰਮ ਜਜਮੈਂਟ, **NIDM** ਵੱਲੋਂ ਮਿਤੀ ਅਕਤੂਬਰ 12,2011 **Disaster Reduction Day** ਵਾਲੇ ਦਿਨ ਕੀਤੀ ਜਾਵੇਗੀ।

5.0 ਉਪਰੋਕਤ ਹਰੇਕ ਈਵੈਂਟ ਦੇ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਇਨਾਮਾਂ ਤੋਂ ਇਲਾਵਾ **NIDM** ਵੱਲੋਂ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

| ਲੜੀ ਨੰ: | ਸਥਾਨ | ਰਾਸ਼ੀ |
|---|---|---|
| 1. | ਪਹਿਲਾ ਇਨਾਮ | 20,000/- |
| 2. | ਦੂਜਾ ਇਨਾਮ | 15,000/- |
| 3. | ਤੀਜਾ ਇਨਾਮ | 10,000/- |
| 5. | 5 ਕਨਸੋਲੇਸ਼ਨ ਇਨਾਮ | 1,000/- |

6.0 ਆਪ ਜੀ ਦੀ ਜਾਣਕਾਰੀ ਲਈ ਪੇਟਿੰਗ ਮੁਕਾਬਲੇ ਦੀਆਂ **nomination** ਭੇਜਣ ਦਾ ਨਮੂਨਾ ਅਤੇ ਹਦਾਇਤਾਂ ਦੀ ਕਾਪੀ ਨਾਲ ਨੱਥੀ ਹੈ ।

7.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਨੱਥੀ/ਹਦਾਇਤਾਂ ਦੀ ਕਾਪੀ